ਪੰਜਾਬੀ ਯੂਨੀਵਰਸਿਟੀ ਪਟਿਆਲਾ

(1961 ਦੇ ਪੰਜਾਬ ਐਕਟ ਨੰ. 35 ਤਹਿਤ ਸਥਾਪਤ)

# ਉਪ ਕੁਲਪਤੀ ਦੁਆਰਾ ਸੰਦੇਸ਼

**ਸਬੰਧਤ ਕਾਲਜਾਂ ਦੇ ਪ੍ਰਿੰਸੀਪਲ/ਇੰਚਾਰਜ ਸਾਹਿਬਾਨ, ਅਧਿਆਪਕ ਸਾਥੀਓ ਅਤੇ ਪਿਆਰੇ ਵਿਦਿਆਰਥੀਓ,**

ਕੋਰੋਨਾਵਾਇਰਸ ਬਿਮਾਰੀ (COVID-19) ਦੇ ਫੈਲਣ ਨੂੰ ਅੰਤਰ ਰਾਸ਼ਟਰੀ ਪੱਧਰ ਤੇ ਮਹਾਂਮਾਰੀ ਘੋਸ਼ਿਤ ਕਰ ਦਿੱਤਾ ਗਿਆ ਹੈ ਅਤੇ ਇਹ ਵਾਇਰਸ ਹੁਣ ਭਾਰਤ ਸਮੇਤ ਕਈ ਦੇਸ਼ਾਂ ਵਿੱਚ ਫੈਲ ਚੁੱਕਿਆ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਉੱਪਰ ਦਰਸਾਈ ਸਥਿਤੀ ਨੂੰ ਨਿਯੰਤਰਨ ਵਿਚ ਰੱਖਣ ਲਈ ਕੇਂਦਰ ਅਤੇ ਪੰਜਾਬ ਸਰਕਾਰ ਦੁਆਰਾ ਸਮੇਂ ਸਮੇਂ ਤੇ ਜਾਰੀ ਕੀਤੀਆਂ ਸਾਰੀਆਂ ਸਲਾਹਾਂ(advisories) ਦੀ ਇਨ ਬਿਨ ਪਾਲਣਾ ਕਰ ਰਹੀ ਹੈ। ਤੁਹਾਡਾ ਕਾਲਜ ਵੀ ਕੇਂਦਰ ਅਤੇ ਪੰਜਾਬ ਸਰਕਾਰ ਵੱਲੋਂ ਜਾਰੀ ਹੋ ਰਹੀਆਂ ਸਲਾਹਾਂ ਦੀ ਇਨ ਬਿਨ ਪਾਲਣਾ ਕਰ ਰਿਹਾ ਹੋਵੇਗਾ।

ਮੈ ਆਸ ਕਰਦਾ ਹਾਂ ਕਿ ਤੁਸੀਂ ਸਾਰੇ ਸਮਾਜਕ ਦੂਰੀ ਬਣਾਉਣ ਦੇ ਨਾਲ ਨਾਲ ਨਿਯਮਿਤ ਤੌਰ 'ਤੇ ਸਾਬਣ ਨਾਲ ਹੱਥ ਧੋਣ ਵਰਗਿਆਂ ਲੋੜੀਂਦੀਆਂ ਸਾਵਧਾਨੀਆਂ ਨੂੰ ਵਰਤ ਰਹੇ ਹੋਣਗੇ ਅਤੇ ਆਪਣੇ ਆਪ ਨੂੰ ਆਪਣੇ ਘਰਾਂ ਵਿਚ ਸੀਮਤ ਰੱਖ ਕੇ ਸੁਰੱਖਿਅਤ ਰੱਖਿਆ ਹੋਵੇਗਾ।

ਅਸੀਂ ਪੰਜਾਬੀ ਯੂਨੀਵਰਸਿਟੀ ਵਿਖੇ ਵਿਦਿਆਰਥੀਆਂ ਦੇ ਨਿਰੰਤਰ ਸਿੱਖਣ ਦੇ ਟੀਚਿਆਂ ਦਾ ਸਮਰਥਨ ਕਰਨ ਅਤੇ ਵਿਦਿਆਰਥੀਆਂ ਨੂੰ e-Learning mode ਨਾਲ ਜੁੜਨ ਲਈ ਪ੍ਰੇਰਿਤ ਕੀਤਾ ਹੈ ਤਾਂ ਜੋ ਇਸ ਅਸਾਧਾਰਨ ਸਮੇਂ ਦੌਰਾਨ ਉਨ੍ਹਾਂ ਲਈ ਇਹ ਮਦਦਗਾਰ ਸਾਬਿਤ ਹੋ ਸਕੇ। ਪੰਜਾਬੀ ਯੂਨੀਵਰਸਿਟੀ ਨੇ ਇਸ ਦਿਸ਼ਾ ਵੱਲ ਇੱਕ ਨਵੇਕਲਾ ਕਦਮ ਚੁੱਕਿਆ ਹੈ ਅਤੇ ਮੈਂ ਤੁਹਾਡੇ ਨਾਲ ਸਾਡੀ e-Learning ਸੰਬੰਧੀ ਕੋਆਰਡੀਨੇਟਿੰਗ ਟੀਮ ਵੱਲੋਂ ਇਕੱਠੇ ਕੀਤੇ ਵੱਖ ਵੱਖ e-Learning ਸਰੋਤ ਜੋ ਕਿ ਯੂਨੀਵਰਸਿਟੀ ਦੀ ਵੈੱਬਸਾਈਟ ਦੇ ਵੇਬਲਿਨਕ http://www.punjabiuniversity.ac.in/Pages/Page.aspx?dsenc=elearning ਉਪਲੱਬਧ ਹਨ, ਸਾਂਝੇ ਕਰਨਾ ਚਾਹਾਂਗਾ ਜੋ ਕਿ ਇਸ ਸੰਕਟ ਭਰੇ ਸਮੇਂ ਦੌਰਾਨ ਪੜਾਈ ਲਿਖਾਈ ਵਿਚ ਮਦਦ ਕਰਨਗੇ ।

ਇਸ ਨਾਜ਼ੁਕ ਮੋੜ ਤੇ, ਅਧਿਆਪਕਾਂ ਨੂੰ ਘਰਾਂ ਤੋਂ ਆਪਣੀ ਪਾਠਕ੍ਰਮ ਦੀ ਸਪੁਰਦਗੀ (Curriculum delivery) ਜਾਰੀ ਰੱਖਣੀ ਚਾਹੀਦੀ ਹੈ । ਇਸ ਸੰਬੰਧ ਵਿਚ ਤਕਨਾਲੋਜੀ ਦੁਆਰਾ ਸਿੱਖਿਆ ਅਤੇ ਸਿਖਲਾਈ ਇਕ ਮਹੱਤਵਪੂਰਨ ਭੂਮਿਕਾ ਨਿਭਾ ਸਕਦੀ ਹੈ। ਇਹ ਸਮਾਂ ਹੈ ਜਦੋਂ ਅਸੀਂ ਵੱਖ ਵੱਖ ਆਈ.ਸੀ.ਟੀ. ਨਾਲ ਜੁੜੀਆਂ ਪਹਿਲਕਦਮੀਆਂ ਅਤੇ ਈ-ਸਰੋਤਾਂ ਦੁਆਰਾ ਅਧਿਆਪਨ ਅਤੇ ਸਿੱਖਣ ਦੇ ਕਾਰਜ ਨੂੰ ਚਲੰਤ ਰੱਖਣ ਦੇ ਹੁਨਰ ਨੂੰ ਦਿਖਾਈਏ । ਯੂਨੀਵਰਸਿਟੀ ਨੂੰ ਪੰਜਾਬ ਸਰਕਾਰ ਤੇ ਉਚੇਰੀ ਸਿੱਖਿਆ ਵਿਭਾਗ ਅਤੇ ਯੂ.ਜੀ.ਸੀ. ਵੱਲੋਂ online mode ਦੁਆਰਾ ਪੜ੍ਹਾਈ-ਲਿਖਾਈ ਦੀ ਪ੍ਰਕਿਰਿਆ ਨੂੰ ਜਾਰੀ ਰੱਖਣ ਲਈ ਸਮੇਂ ਸਮੇਂ ਤੇ ਨੋਟਿਸ ਅਤੇ ਸਰਕੂਲਰ ਪ੍ਰਾਪਤ ਹੋ ਰਹੇ ਹਨ। ਐਮ.ਐਚ.ਆਰ.ਡੀ., ਯੂ.ਜੀ.ਸੀ. ਅਤੇ ਇਸ ਦੇ ਬਾਹਰਲੇ ਯੂਨੀਵਰਸਿਟੀ ਸੈਂਟਰਾਂ (ਆਈ.ਯੂ.ਸੀ.) - ਇਨਫਰਮੇਸ਼ਨ ਅਤੇ ਲਾਇਬ੍ਰੇਰੀ ਨੈੱਟਵਰਕ (ਇਨਫਿਲਿਬਨੇਟ), ਕਨਸੋਰਸ਼ੀਅਮ ਫ਼ਾਰ ਐਜੂਕੇਸ਼ਨਲ ਕਮਿਊਨੀਕੇਸ਼ਨ (ਸੀ.ਈ.ਸੀ.) ਦੇ ਡਿਜੀਟਲ ਪਲੇਟਫ਼ਾਰਮ ਦੇ ਰੂਪ ਵਿਚ ਬਹੁਤ ਸਾਰੇ ਆਈ.ਸੀ.ਟੀ. ਨਾਲ ਸਬੰਧਿਤ ਪਹਿਲਕਦਮੀਆਂ ਨੂੰ ਵਰਤ ਕੇ ਕਾਲਜਾਂ ਦੇ ਅਧਿਆਪਕ ਅਤੇ ਵਿਦਿਆਰਥੀ ਆਪਣੇ ਗਿਆਨ ਵਿਚ

ਵਾਧਾ ਕਰ ਸਕਦੇ ਹਨ ਅਤੇ ਪੜ੍ਹਾਈ-ਲਿਖਾਈ ਦੀ ਪ੍ਰਕਿਰਿਆ ਵਿੱਚ ਨਿਰੰਤਰਤਾ ਯਕੀਨੀ ਬਣਾ ਸਕਦੇ ਹਨ। ਆਪ ਜੀ ਦੇ ਕਾਲਜ ਦੇ ਅਧਿਆਪਕ ਅਤੇ ਵਿਦਿਆਰਥੀ NMEICT ਦੀ ਵੈੱਬਸਾਈਟ ਤੇ ਜਾ ਕੇ ਈ-ਸਮਗਰੀ, MOOCs, ਸਾਫ਼ਟਵੇਅਰ ਅਤੇ ਐਪਲੀਕੇਸ਼ਨਾਂ ਦੇ ਰੂਪ ਵਿਚ ਉਪਲਬਧ ਵੱਖ-ਵੱਖ ਈ-ਸਰੋਤਾਂ ਨੂੰ ਲੱਭ ਕੇ ਵਰਤ ਸਕਦੇ ਹੋ। ਉਹ U.G.C. ਦੀਆਂ ICT ਨਾਲ ਸਬੰਧਿਤ ਪਹਿਲਕਦਮੀਆਂ ਜਿਵੇਂ CEC (UG ਕੋਰਸਾਂ ਲਈ), e-Pathshala (PG ਕੋਰਸਾਂ ਲਈ), SWAYAM ਆਨਲਾਈਨ ਕੋਰਸ, UG / PG MOOCs, NPTEL (Engineering ਕੋਰਸਾਂ ਲਈ) ਅਤੇ ਹੋਰ ਬਹੁਤ ਸਾਰੇ ਸਰੋਤਾਂ ਦਾ ਫ਼ਾਇਦਾ ਪ੍ਰਾਪਤ ਕਰ ਸਕਦੇ ਹੋ।

Association of Indian Universities (AIU) ਵੱਲੋਂ ਪ੍ਰਾਪਤ ਪੱਤਰ ਨੰ. D.O. No. F. AIU / SG / 2020 ਮਿਤੀ March 31, 2020 ਵਿਸ਼ਾ "***Protecting Academic Interest of Students During Corona Pandemic: Sharing Best Practices***" ਅਨੁਸਾਰ ਭਾਰਤ ਦੀਆਂ ਜ਼ਿਆਦਾਤਰ ਯੂਨੀਵਰਸਿਟੀਆਂ ਨੇ ਆਧੁਨਿਕ ਟੈਕਨਾਲੋਜੀ ਦੀਆਂ Best Practices ਨੂੰ ਵਰਤ ਕੇ ਡਿਜੀਟਲ ਸਪੇਸ ਦੀ ਭਲੀ ਭਾਂਤੀ ਵਰਤੋਂ ਕਰਕੇ ਕੋਰਨਾ ਚੁਣੌਤੀ ਦਾ ਪ੍ਰਭਾਵਸ਼ਾਲੀ ਢੰਗ ਨਾਲ ਵਿਦਿਆਰਥੀਆਂ ਦੇ ਹਿੱਤਾਂ ਦੀ ਰਾਖੀ ਕਰਦੇ ਹੋਏ ਉਹਨਾਂ ਨੂੰ online teaching ਕਰ ਕੇ ਇਸਦੇ ਪ੍ਰਭਾਵ ਦਾ ਸਾਹਮਣਾ ਕਰਨ ਦਾ ਬੀੜਾ ਚੁੱਕਿਆ ਹੈ। AIU ਨੇ ਕੋਰੋਨਾ ਮਹਾਂਮਾਰੀ ਦੇ ਖਤਰੇ ਦਾ ਮੁਕਾਬਲਾ ਕਰਨ ਲਈ ਯੂਨੀਵਰਸਿਟੀ
ਨਾਲ ਸਬੰਧਿਤ ਵਿੱਦਿਅਕ ਅਦਾਰਿਆਂ ਵੱਲੋਂ ਤਿੰਨ ਖੇਤਰਾਂ - ਵਿਦਿਆਰਥੀ ਭਾਈਚਾਰੇ ਨੂੰ ਲਾਭਕਾਰੀ ਕੰਮਾਂ ਲਈ ਸ਼ਾਮਲ ਕਰਨ, ਵਿਦਿਆਰਥੀਆਂ ਦਾ ਮੁਲਾਂਕਣ, Online placements ਵਿਚ ਚੁੱਕੀਆਂ ਪਹਿਲਕਦਮੀਆਂ ਬਾਰੇ ਜਾਣਕਾਰੀ ਇਕੱਠੀ ਕਰਨ ਲਈ ਲਿਖਿਆ ਹੈ

ਇਸ ਕੋਵੀਡ-19 ਮਹਾਂਮਾਰੀ ਦੀ ਸਥਿਤੀ ਦੇ ਦੌਰਾਨ, ਵੱਖ-ਵੱਖ ਈ-ਸਿਖਲਾਈ ਢੰਗਾਂ ਦੁਆਰਾ ਅਧਿਆਪਨ ਜਾਰੀ ਰੱਖਣ ਲਈ ਅਤੇ ਵਿਦਿਆਰਥੀਆਂ-ਅਧਿਆਪਕਾਂ ਦੀ ਆਪਸੀ ਤਾਲਮੇਲ ਨੂੰ ਬਰਕਰਾਰ ਰੱਖਣ ਲਈ, ਮੈਂ ਆਪ ਨੂੰ e-Learning mode ਰਾਹੀਂ ਕਾਲਜਾਂ ਦੇ ਵਿਦਿਆਰਥੀਆਂ ਨੂੰ ਸਿੱਖਿਆ ਦੇਣ ਲਈ ਸਲਾਹ ਦਿੰਦਾ ਹਾਂ ਤਾਂ ਜੋ ਉਹਨਾਂ ਦੀ ਪੜ੍ਹਾਈ ਤੇ ਇਸ lockdown ਦਾ ਕੋਈ ਅਸਰ ਨਾ ਪਵੇ। ਕਾਫ਼ੀ ਕਾਲਜ ਇਸ ਸੰਕਟ ਦੀ ਘੜੀ ਵਿਚ ਅਧਿਆਪਨ ਕਾਰਜ ਨੂੰ ਵੱਖਰੇ ਵੱਖਰੇ ਤਰੀਕਿਆਂ ਨਾਲ ਨਿਰੰਤਰਤਾ ਵਿਚ ਰੱਖੇ ਹੋਏ ਹਨ ਜੋ ਕਿ ਸ਼ਲਾਘਾਯੋਗ ਗੱਲ ਹੈ।

ਯੂਨੀਵਰਸਿਟੀ ਨੇ ਇੱਕ ਓਪਨ ਸੋਰਸ ਈ-ਲਰਨਿੰਗ ਪਲੇਟਫ਼ਾਰਮ – ਮੂਡਲ, ਯੂਨੀਵਰਸਿਟੀ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਲਈ ਸਥਾਪਤ ਕੀਤਾ ਹੈ। ਇਸ ਦੇ ਜ਼ਰੀਏ, ਅਧਿਆਪਕ ਇਸ ਪ੍ਰਣਾਲੀ ਵਿਚ Login ਕਰਨ ਤੋਂ ਬਾਅਦ, ਸਿਰਫ਼ ਉਨ੍ਹਾਂ ਕੋਰਸਾਂ ਨੂੰ ਵੇਖ ਪਾਉਣਗੇ ਜੋ ਉਨ੍ਹਾਂ ਦੁਆਰਾ ਪੜ੍ਹਾਇਆ ਜਾਂਦਾ ਹੈ ਅਤੇ ਉਨ੍ਹਾਂ ਵਿਦਿਆਰਥੀਆਂ ਨਾਲ ਗੱਲਬਾਤ ਕਰ ਸਕਣਗੇ ਜਿਨ੍ਹਾਂ ਨੂੰ ਉਹ ਪੜ੍ਹਾ ਰਹੇ ਹਨ। ਮੂਡਲ ਦੇ ਜ਼ਰੀਏ ਅਧਿਆਪਕ ਘੋਸ਼ਣਾਵਾਂ, ਅਧਿਆਪਨ ਸਮਗਰੀ ਜਿਵੇਂ ਕਿ ਪਾਵਰ ਪੁਆਇੰਟ ਪੇਸ਼ਕਾਰੀ, ਪੀ ਡੀ ਐਫ ਆਦਿ ਦੇ ਰੂਪ ਵਿੱਚ ਵਿਦਿਆਰਥੀਆਂ ਨੂੰ ਸਾਂਝਾ ਕਰ ਸਕਦੇ ਹਨ। ਉਹ ਵਿਦਿਆਰਥੀਆਂ ਨੂੰ ਅਸਾਈਨਮੈਂਟ ਦੇ ਸਕਦੇ ਹਨ ਅਤੇ ਇਨ੍ਹਾਂ ਨੂੰ online ਇਕੱਠਾ ਕਰ ਸਕਦੇ ਹਨ, ਇਨ੍ਹਾਂ ਦੀ online grading ਕਰ ਸਕਦੇ ਹਨ, Quiz ਆਨਲਾਈਨ ਆਯੋਜਿਤ ਕਰ ਸਕਦੇ ਹਨ ਅਤੇ ਇਸ ਤਰਾਂ ਦੀਆਂ ਹੋਰ ਵੀ ਗਤੀਵਿਧੀਆਂ ਇਸ ਦੁਆਰਾ ਸੰਭਵ ਹਨ। ਆਪ ਦਾ ਕਾਲਜ ਵੀ ਆਪਣੇ ਕਾਲਜ ਦੇ ਅਧਿਆਪਨ ਕਾਰਜ ਲਈ ਇਸ ਤਰ੍ਹਾਂ ਦਾ e-Learning ਪਲੇਟਫ਼ਾਰਮ ਸਥਾਪਿਤ ਕਰ ਸਕਦਾ ਹੈ। ਇਸ ਤਰ੍ਹਾਂ ਵਿਦਿਆਰਥੀ e-Learning ਪਲੇਟਫ਼ਾਰਮ ਪ੍ਰਣਾਲੀ ਤੇ login ਕਰ ਸਕਦੇ ਹਨ ਅਤੇ ਵੱਖ ਵੱਖ ਕੀਤੀਆਂ ਘੋਸ਼ਣਾਵਾਂ ਨੂੰ ਦੇਖ ਸਕਦੇ ਹਨ, assignment online ਜਮਾਂ ਕਰ ਸਕਦੇ ਹਨ ਅਤੇ Quiz ਦੇ

ਸਕਦੇ ਹਨ। ਤੁਹਾਡੇ ਕਾਲਜ ਦੇ ਅਧਿਆਪਕ ਵਿਦਿਆਰਥੀਆਂ ਨਾਲ online mode ਰਾਹੀਂ ਜਿਵੇਂ ਕਿ Zoom ਐਪ, freeconferencecall ਐਪ, Whatsapp ਵੀਡੀਓ / ਆਡੀਓ ਕਾਲਿੰਗ, Skype ਆਦਿ ਦੀ ਵਰਤੋਂ ਕਰਕੇ ਆਪਣਾ ਲੈਕਚਰ ਦੇ ਸਕਦੇ ਹਨ।

ਮੈਂ ਤੁਹਾਡਾ ਅਤੇ ਤੁਹਾਡੇ ਕਾਲਜ ਦੇ ਸਟਾਫ਼ ਮੈਂਬਰਾਂ ਦਾ ਕਾਮਿਡ -19 ਮਹਾਂਮਾਰੀ ਦੇ ਸੰਕਟ ਦੇ ਸਮੇਂ ਸੁਰੱਖਿਅਤ ਅਤੇ ਸਿਹਤਮੰਦ ਰਹਿਣ ਦੀ ਕਾਮਨਾ ਕਰਦਾ ਹਾਂ ਅਤੇ ਤੁਹਾਨੂੰ ਸਲਾਹ ਦਿੰਦਾ ਹਾਂ ਕਿ ਇਸ ਸਮੇਂ ਨੂੰ ਆਈ.ਸੀ ਟੀ ਪਹਿਲਕਦਮੀਆਂ ਦੀ ਵਰਤੋਂ ਰਾਹੀਂ ਵਿਦਿਆਰਥੀਆਂ ਦੇ ਲਾਭ ਲਈ ਵੱਧ ਤੋਂ ਵੱਧ ਸੰਭਾਵਿਤ ਤਰੀਕੇ ਨਾਲ ਇਸਤੇਮਾਲ ਕਰੋ।

ਆਪ ਜੀ ਦੇ ਕਾਲਜ ਨੂੰ e-Learning ਮਾਧਿਅਮ ਰਾਹੀਂ ਪੜ੍ਹਾਉਣ ਲਈ ਜੇ ਕੋਈ ਸਹਾਇਤਾ ਦੀ ਲੋੜ ਹੋਵੇ ਤਾਂ ਡੀਨ ਅਕਾਦਮਿਕ ਮਾਮਲੇ ਦੀ ਅਗਵਾਈ ਹੇਠ ਕੰਮ ਕਰ ਰਹੀ ਸਾਡੀ ਹੇਠ ਦਰਸਾਰੀ e-Learning ਸਬੰਧੀ ਟੀਮ ਨਾਲ ਸੰਪਰਕ ਕਰ ਸਕਦੇ ਹੋ:

Prof. (Dr.) Vishal Goyal, Professor, Department of Computer Science (9501096111, vishal.pup@gmail.com)
Dr. Gurpreet Singh Josan, Associate Professor, Department of Computer Science (9914347847, josangurpreet@pbi.ac.in)
Dr. Satinder Kumar, Assistant Professor, School of Business Studies (9872403467, satinder@pbi.ac.in)

ਅਧਿਆਪਕ ਸਾਥੀਓ, ਯੂਨੀਵਰਸਿਟੀ ਵਿਖੇ MHRD, New Delhi ਦੁਆਰਾ e-contents ਬਣਾਉਣ ਲਈ Educational Multimedia Research Centre (EMRC) ਸਥਾਪਿਤ ਕੀਤਾ ਹੋਇਆ ਹੈ। ਅਸੀਂ ਜਾਣਦੇ ਹਾਂ ਭਾਰਤ ਵਿਚ ਸਥਾਪਤ ਸਾਰੇ EMRCs ਵਿਚੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਸਥਾਪਤ EMRC ਨੇ ਅਹਿਮ ਭੂਮਿਕਾ ਨਿਭਾਈ ਹੈ। ਇਸ ਸਮੇਂ ਸਾਰੇ ਅਧਿਆਪਕ ਟੈਕਨਾਲੋਜੀ ਦੁਆਰਾ ਆਪਣੇ ਵਿਦਿਆਰਥੀਆਂ ਨੂੰ ਪੜ੍ਹਾ ਰਹੇ ਹਨ ਜਿਸ ਦੇ ਦੌਰਾਨ ਕਈ ਅਧਿਆਪਕਾਂ ਨੇ e-resources ਤਿਆਰ ਕੀਤੇ ਹੋਣਗੇ। ਇਹਨਾਂ ਉਪਰਾਲਿਆਂ ਨੂੰ UG ਅਤੇ PG ਕਲਾਸਾਂ ਲਈ Massive Online Open Course (MOOC) ਦਾ ਪ੍ਰੋਪੋਜ਼ਲ ਤਿਆਰ ਕਰਨ ਲਈ ਵਰਤ ਸਕਦੇ ਹੋ। ਇਸ ਬਾਰੇ ਜਾਣਕਾਰੀ http://cec.nic.in/cec/cecmoocs# ਵੈੱਬ ਸਾਈਟ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ। ਅਧਿਆਪਕ ਇਸ ਵੈੱਬਸਾਈਟ ਤੇ ਉਪਲਬਧ ਦਸਤਾਵੇਜ਼ਾਂ ਵਿਚ ਦਰਸਾਏ ਕੋਰਸਾਂ ਅਨੁਸਾਰ ਆਪਣੀ expertise ਮੁਤਾਬਿਕ MOOCs ਕੋਰਸ ਬਣਾਉਣ ਲਈ ਪ੍ਰੋਪੋਜ਼ਲ ਤਿਆਰ ਕਰ ਸਕਦੇ ਹਨ। ਇਸ ਬਾਰੇ ਜੇ ਕਿਸੇ ਨੂੰ ਕੋਈ ਜਾਣਕਾਰੀ ਚਾਹੀਦੀ ਹੋਵੇ ਤਾਂ Prof. Gurmeet Singh Mann, Director, EMRC, Punjabi University, Patiala ਨਾਲ ਸੰਪਰਕ ਕਰ ਸਕਦੇ ਹੋ। MOOC ਪ੍ਰੋਪੋਜ਼ਲ Director, EMRC, Punjabi University, Patiala ਦੇ email ID directormediacentre@gmail.com ਤੇ ਅਤੇ ਇਸ ਦੀ ਇੱਕ ਕਾਪੀ ਡੀਨ ਅਕਾਦਮਿਕ ਮਾਮਲੇ ਦੀ email ID daapup@pbi.ac.in ਤੇ ਵੀ ਭੇਜੀ ਜਾਵੇ। ਇਹ MOOC ਪ੍ਰੋਪੋਜ਼ਲਜ਼ ਯੂਨੀਵਰਸਿਟੀ ਦੁਆਰਾ ਯੋਗ ਪ੍ਰਣਾਲੀ ਰਾਹੀਂ ਅਗਲੇਰੀ ਕਾਰਵਾਈ ਲਈ ਭੇਜ ਦਿੱਤੇ ਜਾਣਗੇ।

ਪ੍ਰਿੰਸੀਪਲ ਸਾਹਿਬਾਨਾਂ ਨੂੰ ਬੇਨਤੀ ਹੈ ਕੀ ਤੁਹਾਡੇ ਕਾਲਜ ਦੁਆਰਾ ਇਸ ਸੰਕਟ ਦੀ ਘੜੀ ਵਿਚ ਵੀ ਅਧਿਆਪਨ ਕਾਰਜ ਨੂੰ ਜਾਰੀ ਰੱਖਣ ਲਈ ਜੋ Best Practices ਅਪਣਾਏ ਹਨ, ਬਾਰੇ ਡੀਨ ਕਾਲਜਾਂ ਵਲੋਂ ਸਾਂਝੇ

ਕੀਤੇ ਜਾ ਰਹੇ ਗੂਗਲ ਫਾਰਮ ਨੂੰ ਭਰ ਕੇ ਯੂਨੀਵਰਸਿਟੀ ਨਾਲ ਮਿੱਥੀ ਮਿਤੀ ਤੱਕ ਸਾਂਝੇ ਕਰਨੇ ਤਾਂ ਕਿ ਤੁਹਾਡਿਆਂ ਪਹਿਲਕਦਮੀਆਂ ਬਾਰੇ ਯੂਨੀਵਰਸਿਟੀ ਦੀਆਂ regulatory bodies ਤੱਕ ਸਮੇਂ ਸਿਰ ਪਹੁੰਚੀਆਂ ਜਾ ਸਕਣ।

ਉਮੀਦ ਕਰਦਾ ਹਾਂ ਕਿ ਈ-ਲਰਨਿੰਗ ਦਾ ਮਾਧਿਅਮ ਇਸ ਚੁਨੌਤੀ ਭਰੇ ਸਮੇਂ ਦੌਰਾਨ ਵਿਦਿਆਰਥੀਆਂ ਦੀਆਂ ਅਕਾਦਮਿਕ ਜ਼ਰੂਰਤਾਂ ਦੀ ਪੂਰਤੀ ਕਰਨ ਵਿਚ ਸਹਾਇਕ ਹੋ ਰਿਹਾ ਹੋਵੇਗਾ।

**ਸ਼ੁਭ ਕਾਮਨਾਵਾਂ**

**ਪ੍ਰੋਫੈਸਰ ਬੀ. ਐਸ. ਘੁੰਮਣ**
ਵਾਈਸ ਚਾਂਸਲਰ
ਪੰਜਾਬੀ ਯੂਨੀਵਰਸਿਟੀ ਪਟਿਆਲਾ